Vigilance Bureau Punjab

## Vigilance nabs DDPO Mansa, Superintendent and Sr Assistant of Panchayats department
## Bribed amount Rs. 2 lakhs recovered from accused

Chandigarh June 25 : Punjab Vigilance Bureau (VB) today arrested DDPO Mansa Jagtar Singh along with his Superintendent Rakesh Kumar and senior assistant Gurdarshan Singh for accepting bribe of Rs. 1 lakh.

Disclosing this a spokesperson of VB said complaint Mandeep Singh was sarpanch of gram panchayat Bheni Bagha in Mansa district from the year 2008-12. He was served a notice to deposit Rs. 45 lakhs by then BDPO Mansa Jagtar Singh for committing irregularities in development works executed by the panchayat and his agricultural land measuring 13 acres was attached by the department on the recommendation of Jagtar Singh for recovering the amount.

Now the Panchayats and Rural Development department on the review application of ex sarpanch Mandeep Singh has ordered to recheck the previous development works through executive engineer Panchayti Raj who in turn has reported irregularities to the tune of Rs. 3.94 lakhs only that could be recovered from village ex sarpanch.

The complainant Mandeep Singh has approached the VB and alleged that the DDPO Mansa Jagtar Singh, who was earlier posted as BDPO Mansa, has demanded Rs. 5 lakhs to deposit the amount and the deal was struck at Rs. 2.20 lakhs. He also informed that he had already paid Rs. 1 lakh to the accused DDPO through senior assistant Gurdarshan Singh.

The spokesperson added that after verifying his allegations the VB team laid a trap and Rs one lakh paid as second installment was recovered from pocket of accused Rakesh Kumar sitting with DDPO in the office in the presence of two official witnesses. He informed that the VB team has also recovered the marked currency notes amounting to Rs. one lakh from the house of DDPO during the search operation.

He added that a case under prevention of corruption act has been registered against all the three accused at VB police station Bathinda and further investigations were under progress.

-------------------------

ਵਿਜੀਲੈਂਸ ਬਿਓਰੋ ਪੰਜਾਬ

## ਵਿਜੀਲੈਂਸ ਵੱਲੋਂ ਪੰਚਾਇਤ ਵਿਭਾਗ ਦੇ ਡੀ.ਡੀ.ਪੀ.ਓ. (ਮਾਨਸਾ), ਸੁਪਰਡੈਂਟ ਅਤੇ ਸੀਨੀਅਰ ਸਹਾਇਕ ਰਿਸ਼ਵਤ ਲੈਂਦੇ ਕਾਬੂ
## ਦੋਸ਼ੀਆਂ ਪਾਸੋਂ 2 ਲੱਖ ਦੀ ਰਿਸ਼ਵਤ ਰਾਸ਼ੀ ਬਰਾਮਦ

ਚੰਡੀਗੜ੍ਹ, 25 ਜੂਨ :

ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਮਾਨਸਾ ਵਿਖੇ ਤਾਇਨਾਤ **ਡੀ.ਡੀ.ਪੀ.ਓ ਜਗਤਾਰ ਸਿੰਘ ਸਮੇਤ ਸੁਪਰਡੈਂਟ ਰਾਕੇਸ਼ ਕੁਮਾਰ ਅਤੇ ਸੀਨੀਅਰ ਸਹਾਇਕ ਗੁਰਦਰਸ਼ਨ ਸਿੰਘ ਨੂੰ 1 ਲੱਖ ਰੁਪਏ ਦੀ** ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਓਰੋ ਦੇ ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਮਨਦੀਪ ਸਿੰਘ 2008 ਤੋਂ 2012 ਤੱਕ ਭੈਣੀ ਬਾਘਾ ਜ਼ਿਲ੍ਹਾ ਮਾਨਸਾ ਦੀ ਗ੍ਰਾਮ ਪੰਚਾਇਤ ਦਾ ਸਰਪੰਚ ਰਹਿ ਚੁੱਕਾ ਹੈ। ਉਕਤ ਸਰਪੰਚ ਨੂੰ ਮੌਜੂਦਾ ਸਮੇਂ ਦੇ ਬੀ.ਡੀ.ਪੀ.ਓ. (ਮਾਨਸਾ) ਜਗਤਾਰ ਸਿੰਘ ਵੱਲੋਂ ਪੰਚਾਇਤ ਦੁਆਰਾ ਵਿਕਾਸ ਕੰਮਾਂ ਵਿੱਚ ਗੜਬੜੀਆਂ ਕਾਰਨ 45 ਲੱਖ ਰੁਪਏ ਜਮ੍ਹਾਂ ਕਰਾਉਣ ਦਾ ਨੋਟਿਸ ਜਾਰੀ ਕੀਤਾ ਗਿਆ ਸੀ ਅਤੇ ਰਕਮ ਦੀ ਰਿਕਵਰੀ ਲਈ ਜਗਤਾਰ ਸਿੰਘ ਦੀਆਂ ਹਦਾਇਤਾਂ ਤੇ ਵਿਭਾਗ ਵੱਲੋਂ ਉਕਤ ਸਰਪੰਚ ਦੀ 13 ਏਕੜ ਖੇਤੀਬਾੜੀ ਭੂਮੀ ਨੂੰ ਜ਼ਬਤ ਕਰ ਲਿਆ ਗਿਆ ਸੀ।

ਹੁਣ ਪੰਚਾਇਤ ਅਤੇ ਪੇਂਡੂ ਵਿਕਾਸ ਵਿਭਾਗ ਨੇ ਸਾਬਕਾ ਸਰਪੰਚ ਮਨਦੀਪ ਸਿੰਘ ਦੀ ਸਮੀਖਿਆ ਅਰਜ਼ੀ 'ਤੇ ਕਾਰਜਕਾਰੀ ਇੰਜਨੀਅਰ ਪੰਚਾਇਤੀ ਰਾਜ ਜ਼ਰੀਏ ਪਿਛਲੇ ਵਿਕਾਸ ਕੰਮਾਂ ਦੀ ਮੁੜ ਚੈਕਿੰਗ ਲਈ ਹੁਕਮ ਜਾਰੀ ਕੀਤੇ ਸਨ ਜਿਸਨੇ ਸਿਰਫ਼ 3.94 ਕਰੋੜ ਦੀਆਂ ਗੜਬੜੀਆਂ ਦਾ ਪਤਾ ਲਗਾਇਆ ਜੋ ਕਿ ਸਾਬਕਾ ਸਰਪੰਚ ਦੀ ਦੇਣਦਾਰੀ ਬਣਦੀ ਸੀ।

ਸ਼ਿਕਾਇਤਕਰਤਾ ਮਨਦੀਪ ਸਿੰਘ ਨੇ ਵਿਜੀਲੈਂਸ ਬਿਓਰੋ ਨੂੰ ਸ਼ਿਕਾਇਤ ਵਿੱਚ ਦੋਸ਼ ਲਗਾਇਆ ਕਿ ਡੀ.ਡੀ.ਪੀ.ਓ. (ਮਾਨਸਾ) ਜਗਤਾਰ ਸਿੰਘ ਜੋ ਕਿ ਪਹਿਲਾਂ ਮਾਨਸਾ ਵਿਖੇ ਬੀ.ਡੀ.ਪੀ.ਓ. ਵਜੋਂ ਤਾਇਨਾਤ ਸੀ, ਨੇ ਰਾਸ਼ੀ ਨੂੰ ਜਮ੍ਹਾਂ ਕਰਾਉਣ ਬਦਲੇ 5 ਲੱਖ ਰੁਪਏ ਦੀ ਮੰਗ ਕੀਤੀ ਸੀ ਅਤੇ ਸੌਦਾ 2.20 ਲੱਖ ਰੁਪਏ ਵਿੱਚ ਤੈਅ ਹੋਇਆ ਸੀ। ਮਨਦੀਪ ਸਿੰਘ ਨੇ ਇਹ ਵੀ ਦੱਸਿਆ ਕਿ ਉਸਨੇ ਸੀਨੀਅਰ ਸਹਾਇਕ ਗੁਰਦਰਸ਼ਨ ਸਿੰਘ ਦੇ ਜ਼ਰੀਏ 1 ਲੱਖ ਰੁਪਏ ਦੀ ਰਾਸ਼ੀ ਭੁਗਤਾਨ ਪਹਿਲਾਂ ਹੀ ਮੁਲਜ਼ਮ ਡੀ.ਡੀ.ਪੀ.ਓ. ਨੂੰ ਕਰ ਦਿੱਤਾ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਦੋਸ਼ਾਂ ਦੀ ਪੜਤਾਲ ਉਪਰੰਤ ਵਿਜੀਲੈਂਸ ਟੀਮ ਨੇ ਕਾਰਵਾਈ ਕਰਕੇ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਡੀ.ਡੀ.ਪੀ.ਓ. ਨਾਲ ਉਸਦੇ ਦਫ਼ਤਰ ਵਿੱਚ ਬੈਠੇ ਰਾਕੇਸ਼ ਕੁਮਾਰ ਨੂੰ ਦੂਜੀ ਕਿਸ਼ਤ ਵਜੋਂ ਦਿੱਤੇ 1 ਲੱਖ ਰੁਪਏ ਦੀ ਰਕਮ ਨਾਲ ਰੰਗੇ ਹੱਥੀਂ ਦਬੋਚ ਲਿਆ। ਉਸਨੇ ਇਹ ਵੀ ਦੱਿਆ ਵਿਜੀਲੈਂਸ ਟੀਮ ਨੇ ਡੀ.ਡੀ.ਪੀ.ਓ. ਦੇ ਘਰ ਦੀ ਤਫ਼ਤੀਸ਼ ਦੌਰਾਨ ਪਹਿਲੀ ਕਿਸ਼ਤ ਵਜੋਂ ਦਿੱਤੇ 1 ਲੱਖ ਰੁਪਏ ਵੀ ਬਰਾਮਦ ਕਰ ਲਏ ਹਨ।

ਬੁਲਾਰੇ ਨੇ ਦੱਸਿਆ ਕਿ ਉਕਤ ਤਿੰਨੋ ਮੁਲਜ਼ਮਾਂ ਖਿਲਾਫ਼ ਵਿਜੀਲੈਂਸ ਬਿਓਰੋ ਨੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਬਠਿੰਡਾ ਸਥਿਤ ਵਿਜੀਲੈਂਸ ਬਿਓਰੋ ਦੇ ਥਾਣੇ ਵਿਚ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।

----------------